# ਪੰਜਾਬ ਵਿਧਾਨ ਸਭਾ

## ਸੱਤਵਾਂ ਸਮਾਗਮ

## ਨਿਸ਼ਾਨ ਵਾਲੇ ਪ੍ਰਸ਼ਨ

## 04 ਸਤੰਬਰ 2024

----

**ਕੁੱਲ ਪ੍ਰਸ਼ਨ 20**

----

### ਹਲਕਾ ਬੁਢਲਾਡਾ ਦੀਆਂ ਸੜਕਾਂ ਤੇ ਪੈਚ ਵਰਕ ਕਰਵਾਉਣਾ

***1279 ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਬੁਢਲਾਡਾ ਦੀਆਂ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਬਣੀਆਂ ਸੜਕਾਂ ਬੁਢਲਾਡਾ, ਗੁਰਨੇਕਲਾ, ਫਫੜੇ ਭਾਈਕੇ ਤੋਂ ਮਾਨਸਾ ਤੱਕ, ਬੋਹਾ, ਸ਼ੇਰ ਖਾਂ ਵਾਲਾ ਤੋਂ ਮਗਾਣੀਆਂ ਤੱਕ ਅਤੇ ਬਰੇਟਾ, ਕੁਲਰੀਆਂ ਤੋਂ ਭਾਵਾ ਤੱਕ ਤਿੰਨ ਸੜਕਾਂ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਸੜਕਾਂ ਤੇ ਪ੍ਰੋਪਰ ਪੈਚ ਵਰਕ ਕਰਵਾਉਣ ਦਾ ਕੰਮ ਸਰਕਾਰ ਦੇ ਵਿਚਾਰ ਅਧੀਨ ਹੈ ?

----

### ਹਲਕਾ ਭੁਲੱਥ ਦੇ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ ਅੱਪਗ੍ਰੇਡ ਕਰਨਾ

***1277 ਸ. ਸੁਖਪਾਲ ਸਿੰਘ ਖਹਿਰਾ (ਭੁਲੱਥ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭੁਲੱਥ ਦੇ ਦਿਲਵਾਂ, ਨਡਾਲਾ, ਨੰਗਲ ਲੁਬਾਣਾ, ਰਾਮਗੜ੍ਹ ਦੇ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ ਅਪਗ੍ਰੇਡ ਕਰਨ ਦੀ ਪ੍ਰਕਿਰਿਆ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਪ੍ਰਕਿਰਿਆ ਕਦੋਂ ਤੱਕ ਮੁਕੰਮਲ ਹੋ ਜਾਵੇਗੀ ਅਤੇ ਇਸ ਉੱਪਰ ਕੁੱਲ ਕਿੰਨੀ ਲਾਗਤ ਆਵੇਗੀ; ਵੇਰਵੇ ਸਹਿਤ ਦੱਸਿਆ ਜਾਵੇ ?

----

## ਰਜਿਸਟਰੀ ਤੋਂ ਤੁਰੰਤ ਬਾਅਦ ਇੰਤਕਾਲ ਕਰਨਾ

***1271 ਸ. ਹਰਮੀਤ ਸਿੰਘ ਪਠਾਣਮਾਜਰਾ ( ਸਨੌਰ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਜਿਸਟਰੀ ਤੋਂ ਬਾਅਦ ਨਾਲ ਦੀ ਨਾਲ ਇੰਤਕਾਲ ਕਰਨ ਦਾ ਵਿਚਾਰ ਰੱਖਦੀ ਹੈ;ਜੇਕਰ ਹਾਂ ਤਾਂ ਇਹ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ ?

----

## ਨਵਾਂ ਰਾਸ਼ਣ ਕਾਰਡ ਬਣਵਾਉਣ ਜਾਂ ਨਵਾਂ ਮੈਂਬਰ ਜੋੜਨ ਸਬੰਧੀ ਨੀਤੀ

***1225 ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ :-**

ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਨਵਾਂ ਰਾਸ਼ਣ ਕਾਰਡ ਬਨਵਾਉਣ/ਨਵਾਂ ਮੈਂਬਰ ਜੋੜਨ ਜਾਂ ਰਾਸ਼ਨ ਕਾਰਡ ਵਿੱਚੋਂ ਨਾਮ ਕਟਵਾਉਣ ਲਈ ਕੋਈ ਸਰਕਾਰ ਦੀ ਨੀਤੀ ਬਣੀ ਹੋਈ ਹੈ; ਜੇਕਰ ਕੋਈ ਨੀਤੀ (ਪਾਲਿਸੀ) ਬਣੀ ਹੈ ਤਾਂ ਉਸ ਨੂੰ ਜਨਤਕ ਕੀਤਾ ਜਾਵੇ;

ਅ) ਜੇਕਰ ਨੀਤੀ ਨਹੀਂ ਬਣੀ ਤਾਂ ਭਵਿੱਖ ਵਿੱਚ ਸਰਕਾਰ ਦੀ ਅਜਿਹੀ ਕੋਈ ਯੋਜਨਾ ਹੈ;ਵੇਰਵੇ ਸਹਿਤ ਦੱਸਿਆ ਜਾਵੇ?

----

## ਬਠਿੰਡਾ ਤੋਂ ਦਿੱਲੀ ਏਅਰਪੋਰਟ ਤੱਕ ਵੋਲਵੋ ਬੱਸ ਸਰਵਿਸ ਸ਼ੁਰੂ ਕਰਨਾ

***1254 ਸ. ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ**

ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਠਿੰਡਾ ਸ਼ਹਿਰ ਅਤੇ ਇਸਦੇ ਨਾਲ ਲਗਦੇ ਨੇੜਲੇ ਇਲਾਕਿਆਂ ਵਿੱਚੋਂ ਬਾਹਰਲੇ ਦੇਸ਼ਾਂ ਨੂੰ ਜਾਣ ਵਾਲੇ ਲੋਕਾਂ ਦੀ ਵੱਧ ਰਹੀਂ ਗਿਣਤੀ ਦੇ ਮੱਦੇਨਜ਼ਰ ਸਰਕਾਰ ਬਠਿੰਡਾ ਤੋਂ ਦਿੱਲੀ ਏਅਰਪੋਰਟ ਤੱਕ ਵੋਲਵੋ ਬੱਸ ਸਰਵਿਸ ਸ਼ੁਰੂ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

----

## 6ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸਾਂ ਨੂੰ 95 ਫੀਸਦੀ ਗ੍ਰਾਂਟ-ਇਨ-ਏਡ ਅਧੀਨ ਕਾਲਜ਼ਾਂ ਤੇ ਵੀ ਲਾਗੂ ਕਰਨਾ

***1302 ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ**

ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਬਹੁ ਤਕਨੀਕੀ ਕਾਲਜ਼ਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਸਬੰਧੀ 6ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸਾਂ ਨੂੰ, 95 ਫੀਸਦੀ ਗ੍ਰਾਂਟ-ਇਨ-ਏਡ ਅਧੀਨ ਅਜਿਹੇ ਕਾਲਜ਼ਾਂ ਜਿਵੇਂ ਮਹਿਰ ਚੰਦ ਪੌਲੀਟੈਕਨਿਕ ਕਾਲਜ਼, ਜਲੰਧਰ, ਗੁਰੂ ਨਾਨਕ ਦੇਵ ਪੌਲੀਟੈਕਨਿਕ ਕਾਲਜ਼, ਲੁਧਿਆਣਾ, ਰਾਮਗੜ੍ਹੀਆ ਪੌਲੀਟੈਕਨਿਕ ਕਾਲਜ਼, ਫਗਵਾੜਾ ਅਤੇ ਥਾਪਰ ਪੌਲੀਟੈਕਨਿਕ ਕਾਲਜ਼. ਪਟਿਆਲਾ ਦੇ ਅਧਿਆਪਕਾਂ ਤੇ ਵੀ ਲਾਗੂ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੋਂ ਅਤੇ ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ ?

----

## ਜਲੰਧਰ ਸਰਕਲ ਵਿੱਚ ਬਿਜਲੀ ਵਿਭਾਗ ਦੀਆਂ ਅਸਾਮੀਆਂ ਦੇ ਵੇਰਵੇ

***1304 ਸ਼੍ਰੀ. ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ ):**

**ਲੋਕ ਨਿਰਮਾਣ, ਬਿਜਲੀ :-**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਜਲੰਧਰ ਸਰਕਲ ਵਿੱਚ ਸਾਲ 2023-24 ਵਿੱਚ ਜੇ.ਈ. ਇਲੈਕਟਰਿਕਲ, ਲਾਇਨ ਮੈਨ, ਅਸਿਸਟੈਂਟ ਲਾਇਨ ਮੈਨ ਦੇ ਅਹੁਦੇ ਲਈ ਮਨਜ਼ੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਇਹਨਾਂ ਅਸਾਮੀਆਂ ਲਈ ਰੈਗੂਲਰ ਭਰਤੀ ਨਾਲ ਭਰੀਆਂ ਗਈਆਂ ਆਸ਼ਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ;

ੲ) ਠੇਕੇ ਤੇ ਰੱਖੇ ਕਰਮਚਾਰੀਆਂ ਦੀ ਉਪਰੋਕਤ ਸ਼੍ਰੇਣੀ ਵਿੱਚ ਖਾਲੀ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਹਨਾਂ ਠੇਕੇ ਤੇ ਰੱਖੇ ਕਰਮਚਾਰੀਆਂ ਨੂੰ ਵੱਖ-ਵੱਖ ਅਸਾਮੀਆਂ ਤੇ ਕਿੰਨੀ-ਕਿੰਨੀ ਤਨਖਾਹ ਦਿੱਤੀ ਜਾਂਦੀ ਹੈ?

----

## ਜੈਤੋਂ ਸ਼ਹਿਰ ਨੂੰ ਇਤਿਹਾਸਿਕ ਸ਼ਹਿਰ ਵਜੋਂ ਐਲਾਨਣਾ

***1199 ਸ. ਅਮੋਲਕ ਸਿੰਘ (ਜੈਤੋ):**

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ**

ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੈਤੋਂ ਨਗਰੀ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ ਅਤੇ ਇਹ ਸ਼ਹਿਰ ਇਤਹਾਸਿਕ ਸ਼ਹਿਰ ਵੱਜੋਂ ਪ੍ਰਸਿਧ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਇਤਿਹਾਸਿਕ ਸ਼ਹਿਰ ਵਜੋਂ ਐਲਾਨਣ ਦੀ ਕੋਈ ਤਜਵੀਜ਼ ਸਰਾਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਜੀਰਾ ਸ਼ਹਿਰ ਦੇ ਸੀਵਰੇਜ ਸਿਸਟਮ ਦੀ ਮੁਰੰਮਤ ਕਰਨਾ

***1273 ਸ਼੍ਰੀ ਨਰੇਸ਼ ਕਟਾਰੀਆ (ਜੀਰਾ ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀਰਾ ਸ਼ਹਿਰ ਦਾ ਸੀਵਰੇਜ ਸਿਸਟਮ ਕਾਫੀ ਪੁਰਾਣਾ ਅਤੇ ਖਰਾਬ ਹਾਲਤ ਵਿੱਚ ਹੈ, ਜਿਸ ਨਾਲ ਸ਼ਹਿਰ ਵਿੱਚ ਗੰਦੇ ਪਾਣੀ ਖਾਸਕਰ ਬਰਸਾਤੀ ਪਾਣੀ ਦੀ ਬਹੁਤ ਸਮੱਸਿਆ ਰਹਿੰਦੀ ਹੈ ਅਤੇ ਪਾਣੀ ਦੀ ਨਿਕਾਸੀ ਨਹੀਂ ਹੁੰਦੀ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸੀਵਰੇਜ ਸਿਸਟਮ ਦੀ ਮੁਰੰਮਤ ਕਰਨ ਅਤੇ ਇੱਥੇ ਕੂੜੇ ਦੀ ਸਮੱਸਿਆਂ ਦਾ ਹੱਲ ਕਰਨ ਦੀ ਕੋਈ ਤਜਵੀਜ਼ ਸਕਰਾਰ ਦੇ ਵਿਚਾਰ ਅਧੀਨ ਹੈ?

----

## ਪਿੰਡ ਮੀਰਪੁਰਾ ਤੋਂ ਧੀਰੇਮਾਜਰਾ - ਪੰਜੋਖਰਾ ਸਾਹਿਬ ਸੜਕ ਦੀ ਮੁੰਰਮਤ ਕਰਨਾ

***1310 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**
ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਡੇਰਾਬੱਸੀ ਵਿਖੇ ਪੈਂਦੇ ਪਿੰਡ ਮੀਰਪੁਰਾ ਤੋਂ ਧੀਰੇਮਾਜਰਾ -ਪੰਜੋਖਰਾ ਸਾਹਿਬ ਸੜਕ ਦੀ ਮੁਰੰਮਤ ਕਦੋਂ ਡਿਊ ਸੀ ਅਤੇ ਕਿਨ੍ਹਾਂ ਕਾਰਨਾਂ ਕਰਕੇ ਇਸ ਸੜਕ ਦੀ ਮੁਰੰਮਤ ਸਹੀ ਸਮੇਂ ਉਤੇ ਨਹੀਂ ਕਰਵਾਈ ਗਈ;

ਅ) ਇਸ ਸੜਕ ਦੀ ਰਿਪੇਅਰ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

----

## ਬੰਦ ਕੀਤੇ ਪੀ ਐਚ ਸੀ ਅਤੇ ਸਰਕਲ ਸਿਹਤ ਕੇਂਦਰਾਂ ਦੇ ਵੇਰਵੇ

***1284 ਸ. ਪ੍ਰਗਟ ਸਿੰਘ ਪੋਆਰ (ਜਲੰਧਰ ਕੈਂਟ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਮਾਰਚ, 2022 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਬੰਦ ਕੀਤੇ ਗਏ ਪ੍ਰਾਇਮਰੀ ਸਿਹਤ ਕੇਂਦਰਾਂ (ਪੀ ਐਚ ਸੀ) ਅਤੇ ਸਰਕਲ ਸਿਹਤ ਕੇਂਦਰਾਂ (ਸੀ ਐਚ ਸੀ)ਦੀ ਗਿਣਤੀ ਕਿੰਨੀ ਹੈ ਅਤੇ ਇਹਨਾਂ ਨੂੰ ਬੰਦ ਕਰਨ ਦੇ ਕੀ ਕਾਰਣ ਹਨ ?

----

## ਹਲਕਾ ਬੁਢਲਾਡਾ ਦੇ ਪਿੰਡ ਚੱਕ ਭਾਈਕੇ ਵਿਖੇ ਨੇਚਰ ਪਾਰਕ ਬਣਾਉਣਾ

***1265 ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ**

ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਪਿੰਡ ਚੱਕ ਭਾਈ ਕੇ ਵਿਖੇ 42 ਏਕੜ ਦੇ ਜੰਗਲ ਵਿੱਚ ਕਾਫੀ ਜਗ੍ਹਾ ਖਾਲੀ ਹੋਣ ਕਰਕੇ ਇੱਥੇ ਸ਼ਾਨਦਾਰ ਨੇਚਰ ਪਾਰਕ ਸਥਾਪਿਤ ਕੀਤਾ ਜਾ ਸਕਦਾ ਹੈ; ਜੇਕਰ ਅਜਿਹਾ ਹੈ ਤਾਂ ਇੱਥੇ ਹੋਰ ਦਰੱਖਤ ਲਗਵਾਉਣ, ਇਸ ਦੇ ਆਲੇ ਦੁਆਲੇ ਫੈਂਸਿੰਗ ਕਰਾਉਣ ਅਤੇ ਇਸ ਦੇ ਵਿਚਕਾਰ ਪਿਕਨਿਕ ਸਥਾਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਪੰਚਾਇਤੀ ਰਾਜ ਐਕਟ 1994 ਦੀ ਧਾਰਾ 154 ਵਿੱਚ ਸੋਧਨਾ ਕਰਨਾ

***1293 ਸ. ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਸਰਕਾਰ ਨੂੰ ਪੰਚਾਇਤੀ ਰਾਜ ਐਕਟ 1994 ਦੀ ਧਾਰਾ 154 ਵਿੱਚ ਸੋਧਨਾ ਕਰਨ ਸਬੰਧੀ ਪੰਚਾਇਤ ਅਫਸਰ ਐਸੋਸੀਏਸ਼ਨ, ਪੰਜਾਬ ਵੱਲੋਂ 25/07/2022 ਨੂੰ ਕੋਈ ਪ੍ਰਤੀਬੇਤਨੀ ਪ੍ਰਾਪਤ ਹੋਈ ਹੈ; ਜੇਕਰ ਹਾਂ ਤਾਂ ਇਸ ਉੱਤੇ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ; ਵੇਰਵੇ ਸਹਿਤ ਦੱਸਿਆ ਜਾਵੇ ?

----

## ਹਲਕਾ ਦੀਨਾਨਗਰ ਅਧੀਨ ਨਵੇਂ ਬਣੇ ਡਿਗਰੀ ਕਾਲਜ ਸਿੱਧਪੁਰ ਦੀਆਂ ਅਸਾਮੀਆਂ ਦੇ ਵੇਰਵੇ

***1228 ਸ਼੍ਰੀਮਤੀ ਅਰੁਣਾ ਚੌਧਰੀ (ਦੀਨਾ ਨਗਰ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਦੀਨਾਨਗਰ ਅਧੀਨ ਨਵੇਂ ਬਣੇ ਡਿਗਰੀ ਕਾਲਜ ਸਿੱਧਪੁਰ ਵਿੱਚ ਤਾਇਨਾਤ ਅਸਾਮੀਆਂ ਦੇ ਵੇਰਵੇ ਕੀ ਹਨ?

----

## ਸਿਧਵਾਂ ਕੈਨਾਲ ਤੇ ਬਣੇ ਝੰਮਟ ਪੁਲ ਤੋਂ ਚੰਗਨ ਪੁਲ ਤੱਕ (ਕੈਨਾਲ ਰੋਡ) ਸੜਕ ਦੀ ਮੁਰੰਮਤ/ਨਵੀਂ ਬਣਾਉਣਾ

***1205 ਸ. ਮਨਪ੍ਰੀਤ ਸਿੰਘ ਇਯਾਲੀ (ਦਾਖਾ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿੱਧਵਾਂ ਕੈਨਾਲ ਤੇ ਬਣੇ ਝੰਮਟ ਪੁਲ ਤੋਂ ਚੰਗਨ ਪੁਲ ਤੱਕ ਕੈਨਾਲ ਰੋਡ (ਜਿਲ੍ਹਾ ਲੁਧਿਆਣਾ) ਦੀ ਹਾਲਤ ਬਹੁਤ ਜਿਆਦਾ ਖਰਾਬ ਹੋਣ ਕਰਕੇ ਇਸ ਸੜਕ ਦੀ ਮੁਰੰਮਤ ਜਾਂ ਨਵੀਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

----

## ਜ਼ਮੀਨਾਂ ਦੀ ਵੰਡ ਹੋਣ ਤੇ ਸਾਂਝੀਆਂ ਮੋਟਰਾਂ ਵੰਡਣਾ

***1270 ਸ. ਹਰਮੀਤ ਸਿੰਘ ਪਠਾਣਮਾਜਰਾ ( ਸਨੌਰ):**

**ਲੋਕ ਨਿਰਮਾਣ, ਬਿਜਲੀ** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਰਿਵਾਰ ਵਿੱਚ ਸਾਂਝੀਆਂ ਜ਼ਮੀਨਾਂ ਵੰਡੇ ਜਾਣ ਤੇ ਸਾਂਝੀਆਂ ਮੋਟਰਾਂ ਵੀ ਭਰਾਬੰਦੀ ਸਕੀਮ ਤਹਿਤ ਵੰਡਣ ਦਾ ਵਿਚਾਰ ਰੱਖਦੀ ਹੈ ?

----

## ਨਗਰ ਸੁਧਾਰ ਟਰੱਸਟ ਵਿੱਚ ਵਾਧੂ ਉਸਾਰੀ ਨੂੰ ਕੰਪਾਊਂਡ ਕਰਨ ਦੀ ਪਾਲਿਸੀ ਬਣਾਉਣਾ

***1173 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਸੁਧਾਰ ਟਰੱਸਟਾਂ ਦੀਆਂ ਸਕੀਮਾਂ ਵਿੱਚ ਮਕਾਨ ਮਾਲਕਾਂ ਵੱਲੋਂ ਉਸਾਰੀ ਦੌਰਾਨ ਕੁਝ ਵਾਧੂ ਉਸਾਰੀ ਕਰ ਲਈ ਜਾਂਦੀ ਹੈ ਅਤੇ ਕੀਤੀ ਗਈ ਵਾਧੂ ਉਸਾਰੀ ਨੂੰ ਕੰਪਾਊਂਡ ਕਰਨ ਲਈ ਨਗਰ ਸੁਧਾਰ ਟਰੱਸਟ ਵਿੱਚ ਕੋਈ ਵੀ ਪੱਕੀ ਪਾਲਿਸੀ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਨਗਰ ਸੁਧਾਰ ਟਰੱਸਟਾਂ ਵਿੱਚ ਵਾਧੂ ਉਸਾਰੀ ਨੂੰ ਕੰਪਾਊਂਡ ਕਰਨ ਲਈ ਇੱਕ ਪੱਕੀ ਪਾਲਿਸੀ ਕਦੋਂ ਤੱਕ ਬਣਾ ਦੇਵੇਗੀ?

----

## ਪਿੰਡਾਂ ਵਿੱਚ ਬਣੀਆਂ SC ਧਰਮਸ਼ਾਲਾਵਾਂ ਨੂੰ ਗ੍ਰਾਂਟਾਂ ਜਾਰੀ ਕਰਨਾ

***1231 ਸ. ਲਾਭ ਸਿੰਘ ਉਗੋਕੇ (ਭਦੌੜ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੀਆਂ ਕਿਹੜੀਆਂ-ਕਿਹੜੀਆਂ ਸਕੀਮਾਂ ਹਨ, ਜਿਸ ਨਾਲ ਪਿੰਡਾਂ ਵਿੱਚ ਬਣੀਆਂ SC ਧਰਮਸ਼ਾਲਾਵਾਂ ਨੂੰ ਗ੍ਰਾਂਟਾਂ ਜਾਰੀ ਹੋ ਸਕਦੀਆਂ ਹਨ?

----

## ਸੇਮ ਨੂੰ ਖਤਮ ਕਰਨ ਲਈ ਚਲਾਈ ਗਈ ਸਬ ਸਰਫੇਸ ਸਕੀਮ ਦੇ ਵੇਰਵੇ

***1215 ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ :-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜਲਾਲਾਬਾਦ ਹਲਕੇ ਦੇ ਪਿੰਡ ਸਜਗਨਾ ਵਿੱਚ ਸੇਮ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਜੋ ਸਬ ਸਰਫੇਸ ਸਕੀਮ ਚਲਾਈ ਗਈ ਸੀ; ਉਸ ਦੀ ਕੁੱਲ ਲਾਗਤ ਕਿੰਨੀ ਸੀ;

ਅ) ਕੀ ਉਕਤ ਸਕੀਮ ਅਧੀਨ ਮੋਟਰਾਂ ਸੇਮ ਦਾ ਪਾਣੀ ਕੱਢ ਰਹੀਆਂ ਹਨ;

ੲ) ਇਹ ਪ੍ਰਾਜੈਕਟ ਕਦੋਂ ਬਣਿਆ ਸੀ ਅਤੇ ਕੀ ਇਹ ਹੁਣ ਤੱਕ ਚੱਲ ਰਿਹਾ ਹੈ ਜਾਂ ਮੁਕੰਮਲ ਹੋ ਗਿਆ ਹੈ, ਵੇਰਵੇ ਸਹਿਤ ਦੱਸਿਆ ਜਾਵੇ?

----

## ਪੰਚਾਇਤੀ ਜਮੀਨਾਂ ਤੇ ਨਜਾਇਜ਼ ਕਬਜ਼ੇ ਕਰਕੇ ਬੈਠੇ ਲੋਕਾਂ ਨੂੰ ਰਾਹਤ ਦੇਣਾ

***1261 ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਚਾਇਤੀ ਜਮੀਨਾਂ ਤੇ ਨਜਾਇਜ਼ ਕਬਜ਼ੇ ਛੁਡਵਾਏ ਗਏ ਸਨ ਪਰ ਕਈ ਥਾਵਾਂ ਤੇ ਕਾਫੀ ਸਮੇਂ ਤੋਂ ਬਹੁਤੇ ਲੋਕ ਰਿਹਾਇਸ਼ ਬਣਾ ਕੇ ਆਪਣੇ ਪਰਿਵਾਰਾਂ ਸਮੇਤ ਆਪਣਾ ਗੁਜ਼ਾਰਾ ਕਰ ਰਹੇ ਹਨ ਅਤੇ ਇਹਨਾਂ ਦੇ ਸ਼ਨਾਖਤੀ ਕਾਰਡ,ਵੋਟਰ ਆਈਡੀ ਕਾਰਡ ਆਦਿ ਡਾਕੂਮੈਂਟ ਵੀ ਆਪਣੇ ਰਿਹਾਇਸ਼ੀ ਪੱਤਿਆਂ ਉੱਪਰ ਬਣਾਏ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਲੋਕਾਂ ਨੂੰ ਰਾਹਤ ਦੇਣ ਲਈ ਸਰਕਾਰ ਕੋਈ ਤਜਵੀਜ਼ ਬਣਾ ਰਹੀ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ ?

----

**ਚੰਡੀਗੜ੍ਹ, 160001.** — **ਰਾਮ ਲੋਕ ਖਟਾਣਾ,**

**ਮੰਗਲਵਾਰ 03 ਸਤੰਬਰ 2024.** — **ਸਕੱਤਰ**